بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸਵਰਗਵਾਸੀ ਸ਼੍ਰੀਮਤੀ ਸਾਹਿਬਜ਼ਾਦੀ ਸਯੱਦਹ ਅਮਤੁਲੱ ਕਦੂਸ ਸਾਹਿਬਾ ਪਤਨੀ ਸਵਰਗਵਾਸੀ ਸਾਹਿਬਜ਼ਾਦਾ ਮਿਰਜ਼ਾ ਵਸੀਮ ਅਹਮਦ ਸਾਹਿਬ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 15 ਸਤੰਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਇਹ ਰਬੱ ਦਾ ਕਾਨੂੰਨ ਹੈ ਕਿ ਜੋ ਮਨੁਖੱ ਵੀ ਇਸ ਸੰਸਾਰ ਵਿਚੱ ਆਇਆ ਹੈ। ਉਸ ਨੇ ਇਕੱ ਸਮੇਂ ਦੇ ਬਾਦ ਇਸ ਸੰਸਾਰ ਤੋਂ ਜਾਣਾ ਵੀ ਹੈ। ਪਰ ਉਹ ਲੋਕ ਸੁਭਾਗੀ ਹੁੰਦੇ ਹਨ। ਜਿਨ੍ਹਾਂ ਦੀ ਕੇਵਲ ਨੇਕ ਯਾਦਾਂ ਹੁੰਦੀਆਂ ਹਨ। ਜੋ ਲੋਕਾਂ ਲਈ ਲਾਭਕਾਰੀ ਹੁੰਦੇ ਹਨ। ਜੋ ਦੀਨ ਨੂੰ ਦੁਨੀਆਂ ਉੱਤੇ ਪਹਿਲ ਦੇਣ ਦਾ ਅਮਲੀ ਨਮੂਨਾ ਹੁੰਦੇ ਹਨ। ਜੋ ਰਬੱ ਅਤੇ ਉਸ ਦੇ ਰਸੂਲ ਦੇ ਆਦੇਸ਼ਾਂ ਉੱਤੇ ਅਮਲ ਕਰਨ ਦੀ ਕੋਸ਼ਿਸ਼ ਕਰਨ ਵਾਲੇ ਹੁੰਦੇ ਹਨ। ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਦਾ ਹਕੱ ਅਦਾ ਕਰਨ ਵਾਲੇ ਹੁੰਦੇ ਹਨ। ਜੋ ਖ਼ਿਲਾਫ਼ਤੇ ਅਹਮਦੀਆ ਨਾਲ ਹਕੀਕੀ ਪ੍ਰੇਮ ਰਖੱਣ ਵਾਲੇ ਹੁੰਦੇ ਹਨ। ਜੋ ਲੋਕਾਂ ਦੇ ਕੰਮ ਆਉਣ ਦੀ ਕੋਸ਼ਿਸ਼ ਕਰਨ ਵਾਲੇ ਹੁੰਦੇ ਹਨ। ਜੋ ਰਬੱ ਦੀ ਰਜ਼ਾ ਪ੍ਰਾਪਤ ਕਰਨ ਦੀ ਹਰ ਸਮੇਂ ਕੋਸ਼ਿਸ਼ ਕਰਨ ਵਾਲੇ ਹੁੰਦੇ ਹਨ। ਜਿਨ੍ਹਾਂ ਲਈ ਹਰ ਜ਼ੁਬਾਨ ਤੋਂ ਕੇਵਲ ਤਾਰੀਫ਼ ਭਰੇ ਸ਼ਬਦ ਹੀ ਨਿਕਲਦੇ ਹਨ ਅਤੇ ਇੰਝ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਆਦੇਸ਼ ਦੇ ਅਨੁਸਾਰ ਉਹਨਾਂ ਉੱਤੇ ਸਵਰਗ ਵਾਜਬ ਹੋ ਜਾਂਦੀ ਹੈ।

ਇਸ ਸਮੇਂ ਮੈਂ ਅਜਿਹੀ ਹੀ ਇਕੱ ਹਸਤੀ ਦਾ ਜ਼ਿਕਰ ਕਰਾਂਗਾ। ਇਹ ਜ਼ਿਕਰ ਹੈ ਸ਼੍ਰੀਮਤੀ ਅਮਤੁਲੱ ਕੁਦੂਸ ਸਾਹਿਬਾ ਦਾ। ਜੋ ਹਜ਼ਰਤ ਡਾਕਟਰ ਮੀਰ ਮੁਹਮੱਦ ਇਸਮਾਈਲ ਸਾਹਿਬ ਰਜ਼ੀ ਅੱਲਾਹ ਅੰਨਹੋ ਦੀ ਬੇਟੀ ਅਤੇ ਸਾਹਿਬਜ਼ਾਦਾ ਮਿਰਜ਼ਾ ਵਸੀਮ ਅਹਮਦ ਸਾਹਿਬ ਦੀ ਪਤਨੀ ਸਨ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਦੀ ਬਹੂ ਸਨ ਇਹ ਰਹਿੰਦੀ ਤਾਂ ਕਾਦੀਆਂ ਵਿਚੱ ਸਨ। ਪਰ ਕੁਝੱ ਦਿਨਾਂ ਤੋਂ ਆਪਣੀ ਕੁੜੀਆਂ ਕੋਲ੍ਹ ਰਬਵਹ ਆਈ ਹੋਈ ਸਨ। ਜਿੱਥੇ 96 ਸਾਲ ਦੀ ਉਮਰ ਵਿਚੱ ਉਹਨਾਂ ਦਾ ਆਕਾਲ ਚਲਾਣਾ ਹੋਇਆ। ਰਬੱ ਦੀ ਕਿਰਪਾ ਨਾਲ 1/9 ਹਿੱਸੇ ਦੀ ਮੂਸੀਆ ਸਨ।

1951 ਈ ਦੇ ਜਲਸਾ ਸਲਾਨਾ ਦੇ ਮੌਕੇ ਉੱਤੇ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਆਪ ਦਾ ਨਿਕਾਹ ਸਾਹਿਬਜ਼ਾਦਾ ਮਿਰਜ਼ਾ ਵਸੀਮ ਅਹਮਦ ਸਾਹਿਬ ਦੇ ਨਾਲ ਪੜ੍ਹਿਆ ਸੀ। ਰੁਖ਼ਸਤੀ ਸਮੇਂ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਆਪਣੇ ਬੇਟੇ ਦੀ ਥਾਂ, ਲੜ੍ਹਕੀ ਵਾਲਿਆਂ ਵੱਲੋਂ ਸ਼ਾਮਿਲ ਹੋਏ ਸਨ।

ਰਬੱ ਨੇ ਆਪ ਨੂੰ ਤਿੰਨ ਕੁੜ੍ਹੀਆਂ ਅਤੇ ਇਕੱ ਮੁੰਡਾ ਦਿੱਤਾ। ਇਕੱ ਕੁੜੀ ਅਮਤੁਲੱ ਅਲੀਮ ਸਾਹਿਬਾ ਇਸ ਸਮੇਂ ਸਦਰ ਲਜਨਾ ਪਾਕਿਸਤਾਨ ਹਨ। ਜੋ ਸ਼੍ਰੀਮਾਨ ਮਨਸੂਰ ਅਹਮਦ ਖ਼ਾਨ ਸਾਹਿਬ ਵਕੀਲੁਲੱ ਆਲਾ ਤਹਰੀਕੇ ਜਦੀਦ ਦੀ

ਪਤਨੀ ਹਨ । ਦੂਜੀ ਬੇਟੀ ਅਮਤੁਲੱ ਕਰੀਮ ਸਾਹਿਬਾ ਕੈਪਟਨ ਮਾਜਿਦ ਸਾਹਿਬ ਦੀ ਪਤਨੀ ਹਨ । ਤੀਜੀ ਬੇਟੀ ਅਮਤੁਲੱ ਰਊਫ਼ ਸਾਹਿਬਾ ਡਾਕਟਰ ਇਬਰਾਹੀਮ ਮੁਨੀਬ ਸਾਹਿਬ ਦੀ ਪਤਨੀ ਹਨ । ਮਿਰਜ਼ਾ ਕਲੀਮ ਅਹਮਦ ਉਹਨਾਂ ਦੇ ਪੁਤੱਰ ਹਨ । ਜੋ ਅਮਰੀਕਾ ਵਿਚੱ ਰਹਿੰਦੇ ਹਨ ।

ਸਾਹਿਬਜ਼ਾਦਾ ਮਿਰਜ਼ਾ ਵਸੀਮ ਅਹਮਦ ਸਾਹਿਬ ਜਦੱ ਆਪਣੇ ਵਿਆਹ ਦੇ ਸਮੇਂ ਪਾਕਿਸਤਾਨ ਆਏ ਸਨ ਅਤੇ ਹਾਲੇ ਉਹਨਾਂ ਦੇ ਵਿਆਹ ਨੂੰ ਕੁਝੱ ਦਿਨ ਹੀ ਹੋਏ ਸਨ ਅਤੇ ਆਪ ਆਪਣੀ ਪਤਨੀ ਨੂੰ ਕਾਦੀਆਂ ਨਾਲ ਲੈ ਕੇ ਜਾਣ ਲਈ ਕਾਗ਼ਜ਼ ਤਿਆਰ ਕਰਵਾ ਰਹੇ ਸਨ । ਅਜਿਹੇ ਵਿਚੱ ਜਿਵੇਂ ਕਿ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਸੰਬੰਧਾਂ ਵਿਚੱ ਉਤਾਰ ਚੜ੍ਹਾਅ ਆਉਂਦੇ ਰਹਿੰਦੇ ਹਨ ਤਾਂ ਉਹਨਾਂ ਦਿਨਾਂ ਵਿਚੱ ਵੀ ਇੰਞ ਹੀ ਖਿਚਾਓ ਪੈਦਾ ਹੋ ਗਿਆ । ਅਹਿਜੇ ਵਿਚੱ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਉਹਨਾਂ ਨੂੰ ਫ਼ਰਮਾਇਆ ਕਿ ਪਤਨੀ ਦੇ ਕਾਗ਼ਜ਼ ਤਾਂ ਬਣਦੇ ਰਹਿਣਗੇ । ਤੁਸੀਂ ਉਸ ਨੂੰ ਛੱਡੋ ਅਤੇ ਛੇਤੀ ਨਾਲ ਕਾਦੀਆਂ ਵਾਪਸ ਚੱਲੇ ਜਾਓ । ਕਿਉਂਕਿ ਉੱਥੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪਰਿਵਾਰ ਦਾ ਕੋਈ ਬੰਦਾ ਹੋਣਾ ਚਾਹੀਦਾ ਹੈ ।

ਫ਼ਰਮਾਇਆ ਛੇਤੀ ਨਾਲ ਜਹਾਜ਼ ਵਿਚੱ ਸੀਟ ਕਰਵਾਓ ਅਤੇ ਜੇਕਰ ਜਹਾਜ਼ ਦੀ ਨਹੀਂ ਮਿਲਦੀ ਤਾਂ ਵੀ ਤੁਹਾਡਾ ਜਾਣਾ ਜ਼ਰੂਰੀ ਹੈ ਭਾਵੇਂ ਚਾਰਟਰਡ ਜਹਾਜ਼ ਹੀ ਕਿਉਂ ਨ ਕਰਵਾਉਣਾ ਪਏ । ਫ਼ਰਮਾਇਆ ਜੇਕਰ ਤੁਸੀਂ ਆਪਣਾ ਨਮੂਨਾ ਪੈਸ਼ ਨ ਕੀਤਾ ਅਤੇ ਕੁਰਬਾਨੀ ਨ ਦਿੱਤੀ ਤਾਂ ਲੋਕ ਕਿਵੇਂ ਕੁਰਬਾਨੀ ਦੇਣਗੇ ।

ਜਿੱਥੇ ਇਹ ਕੁਰਬਾਨੀ ਸਾਹਿਬਜ਼ਾਦਾ ਮਿਰਜ਼ਾ ਵਸੀਮ ਅਹਮਦ ਸਾਹਿਬ ਦੀ ਸੀ । ਉੱਥੇ ਉਮਤੁਲੱ ਕੁਦੂਸ ਸਾਹਿਬਾ ਦੀ ਵੀ ਕੁਰਬਾਨੀ ਸੀ । ਇਹ ਪਤਾ ਨਹੀਂ ਸੀ ਕਿ ਕਦੋਂ ਕਾਗ਼ਜ਼ ਪੂਰੇ ਹੋਣਗੇ । ਹਾਲਾਤ ਖ਼ਰਾਬ ਸਨ । ਇਸ ਸਭ ਦੇ ਬਾਦ ਵੀ ਖ਼ਲਿਫ਼ਾ ਦਾ ਹੁਕਮ ਸੀ । ਇਸ ਲਈ ਬਹੁਤ ਖ਼ੁਸ਼ੀ ਨਾਲ ਆਪਣੇ ਪਤੀ ਨੂੰ ਭੇਜਿਆ ਅਤੇ ਦੀਨ ਨੂੰ ਦੁਨੀਆਂ ਉੱਤੇ ਪਹਿਲ ਦਿੱਤੀ ।

ਸ਼੍ਰੀਮਤੀ ਅਮਤੁਲੱ ਕੁਦੂਸ ਸਾਹਿਬਾ ਦੇ ਕਾਗ਼ਜ਼ ਬਣਨ ਵਿਚੱ ਇਕੱ ਸਾਲ ਦਾ ਸਮਾਂ ਲਗਿੱਆ ਅਤੇ ਜਦੱ ਆਪ ਕਾਦੀਆਂ ਜਾਣ ਲੱਗੀ ਤਾਂ ਆਪ ਫ਼ਰਮਾਉਂਦੀ ਹਨ ਕਿ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਮੈਨੂੰ ਹਦਾਯਤ ਕੀਤੀ ਕਿ ਉੱਮੇ ਨਾਸਿਰ ਦੇ ਮਕਾਨ ਵਿਚੱ ਰਹਿਣ । ਜਿੱਥੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਬਹੁਤ ਕਦਮ ਪਏ ਹਨ ਅਤੇ ਉਹਨਾਂ ਦੇ ਵਿਹੜ੍ਹੇ ਵਿਚੱ ਹਜ਼ੂਰ ਨੇ ਦਰਸ ਵੀ ਦਿੱਤਾ ਹੋਇਆ ਹੈ ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਆਪ ਨੂੰ ਇਹ ਵੀ ਨਸੀਹਤ ਫ਼ਰਮਾਈ ਕਿ ਲਜਨਾ ਦੀ ਜਮਾਅਤਾਂ ਨੂੰ ਜਮ੍ਹਾਂ ਕਰਨਾ ਹੈ । ਸੋ, ਸਾਹਿਬਜ਼ਾਦਾ ਅਮੁਤਲੱ ਕੁਦੂਸ ਸਾਹਿਬਾ ਨੇ ਕਾਦੀਆਂ ਜਾ ਕੇ ਜਮਾਅਤ ਦੀਆਂ ਔਰਤਾਂ ਨੂੰ ਜਮ੍ਹਾਂ ਕਰਨ ਅਤੇ ਉਹਨਾਂ ਨਾਲ ਹਮਦਰਦੀ ਕਰਨ ਲਈ ਬਹੁਤ ਵੱਡਾ ਕਿਰਦਾਰ ਨਿਭਾਇਆ । ਆਪ ਉੱਥੇ ਜਾਂਦੇ ਹੀ ਪਹਿਲਾਂ ਜਨਰਲ ਸੈਕਟਰੀ ਕਾਦੀਆਂ ਬਣੀ । ਫ਼ਿਰ 1955 ਵਿਚੱ ਸਦਰ ਲਜਨਾ ਲੋਕਲ ਅਤੇ ਫ਼ਿਰ ਸਦਰ ਲਜਨਾ ਭਾਰਤ ਚੁਣੀ ਗਈਂ । ਆਪ ਦੀ ਇਹਨਾਂ ਸੇਵਾਵਾਂ ਦਾ ਸਮਾਂ 46 ਸਾਲ ਬਣਦਾ ਹੈ ।

ਹਜ਼ਰਤ ਖ਼ਲੀਫ਼ਾਤੁਲੱ ਮਸੀਹ ਰਾਬੇ ਰਹਿਮਾਹੁੱਲਾਹ ਨੇ ਲੰਦਨ ਪਹੁੰਚਣ ਦੇ ਬਾਦ ਪਹਿਲੇ ਖ਼ੁਤਬਾ ਜੁਮਆ ਵਿਚੱ ਯੂਰੋਪ ਵਿਚੱ ਇਸਲਾਮ ਦੇ ਪ੍ਰਚਾਰ ਹੇਤੁ ਦੋ ਕੇਂਦਰ ਸਥਾਪਿਤ ਕਰਨ ਲਈ ਵਿੱਤੀ ਕੁਰਬਾਨੀ ਦਾ ਐਲਾਨ ਫ਼ਰਮਾਇਆ ਤਾਂ ਸ਼੍ਰੀਮਤੀ ਅਮਤੁਲੱ ਕੁਦੂਸ ਸਾਹਿਬਾ ਜੋ ਸਦਰ ਲਜਨਾ ਭਾਰਤ ਸਨ । ਆਪ ਦੀ ਅਗਵਾਈ ਵਿਚੱ ਲਜਨਾ ਭਾਰਤ ਨੇ ਵਧੱ ਚੜ੍ਹ ਕੇ ਕੁਰਬਾਨੀ ਕਰਨ ਦੀ ਤੌਫ਼ੀਕ ਪ੍ਰਾਪਤ ਕੀਤੀ । ਆਪ ਨੇ ਆਪਣੇ ਸਾਰੇ ਗਹਿਣੇ ਇਸ ਤਹਰੀਕ ਵਿਚੱ ਪੈਸ਼ ਕਰ ਦਿੱਤੇ ।

1991 ਈ ਵਿਚੱ ਜਦੱ ਹਜ਼ਰਤ ਖ਼ਲੀਫ਼ਾਤੁਲੱ ਮਸੀਹ ਰਾਬੇ ਰਹਿਮਾਹੁੱਲਾਹ ਕਾਦੀਆਂ ਗਏ ਤਾਂ ਇਸ ਮੌਕੇ ਉੱਤੇ ਆਪ ਰਹਿਮਾਹੁੱਲਾਹ ਨੇ ਲਜਨਾ ਕਾਦੀਆਂ ਦੀ ਵਿੱਤੀ ਕੁਰਬਾਨੀਆਂ ਦਾ ਬਹੁਤ ਸੁੰਦਰ ਢੰਗ ਨਾਲ ਜ਼ਿਕਰ ਫ਼ਰਮਾਇਆ। ਆਪ ਨੇ ਫ਼ਰਮਾਇਆ ਕਿ ਰਬੱ ਦੀ ਮਿਹਰ ਨਾਲ ਹਿੰਦੁਸਤਾਨ ਦੀ ਲਜਨਾ ਵਿਚੱ ਸਾਰੀਆਂ ਬਾਰੇ ਤਾਂ ਮੈਂ ਨਹੀਂ ਕਹਿ ਸਕਦਾ। ਪਰ ਕਾਦੀਆਂ ਦੀ ਲਜਨਾ ਬਾਰੇ ਮੈਂ ਕਹਿ ਸਕਣਾ ਕਿ ਵਿੱਤੀ ਕੁਰਬਾਨੀ ਵਿਚੱ ਬੇ-ਮਿਸਾਲ ਨਮੂਨੇ ਵਿਖਾਉਣ ਵਾਲੀ ਹੈ।

ਅਮਤੁਲੱ ਕੁਦੂਸ ਸਾਹਿਬਾ ਨੇ ਕੁਰਆਨ ਕਰੀਮ ਦੀ ਬਹੁਤ ਸੇਵਾ ਕੀਤੀ। ਕਾਦੀਆਂ ਦੀ 250 ਬੱਚਿਆਂ ਨੂੰ ਕੁਰਆਨ ਕਰੀਮ ਪੜ੍ਹਾਇਆ। ਭਾਰਤ ਵਿਚੱ ਜਿਨ੍ਹਾਂ ਬਚਿੱਆਂ ਨੇ ਐਫ਼. ਏ ਆਦਿ ਕੀਤਾ ਹੁੰਦਾ ਤਾਂ ਉਹ ਤਿੰਨ ਤਿੰਨ ਮਹੀਨਿਆਂ ਲਈ ਕਾਦੀਆਂ ਆ ਕੇ ਰਹਿੰਦੀਆਂ ਅਤੇ ਆਪ ਉਹਨਾਂ ਨੂੰ ਅਨੁਵਾਦ ਨਾਲ ਕੁਰਆਨ ਕਰੀਮ ਪੜ੍ਹਾਉਂਦੀ। ਆਪ ਨੇ ਲਜਨਾ ਨੂੰ ਬਹੁਤ ਮਿਹਨਤ ਨਾਲ ਜੋੜ੍ਹਿਆ। ਮਹਿਮਾਨਾਂ ਦੀ ਸੇਵਾ ਕਰਨ ਦੀ ਬਹੁਤ ਗ਼ੈਰ ਮਾਮੂਲੀ ਖ਼ੂਬੀ ਸੀ। ਆਪ ਦੀ ਬੇਟੀ ਕਹਿੰਦੀ ਹਨ ਕਿ ਆਪ ਨੇ ਸਾਡੇ ਅੱਬਾ ਦਾ ਬਹੁਤ ਸਾਥ ਦਿੱਤਾ। ਬਹੁਤ ਮੰਦੇ ਹਾਲਾਤ ਸਨ। ਦੁਪਹਿਰ ਵਿਚੱ ਕੇਵਲ ਮੂੰਗੀ ਦੀ ਦਾਲ ਹੁੰਦੀ ਸੀ। ਅੱਬਾ ਨੇ ਦੁਧੱ ਦਹੀ ਲਈ ਇਕੱ ਮਝੱ ਰੱਖੀ ਸੀ। ਕੋਈ ਮਹਿਮਾਨ ਆਉਂਦਾ ਤਾਂ ਜੋ ਕੁਝੱ ਮਿਲਦਾ ਆਪ ਬਿਨਾਂ ਸੰਕੋਚ ਦੇ ਪੈਸ਼ ਕਰ ਦਿੰਦੀ।

ਆਪ ਇਕੱ ਚੰਗੀ ਪਤਨੀ ਸਨ। ਔਖੇ ਹਾਲਾਤ ਵਿਚੱ ਸਾਥ ਦੇਣ ਵਾਲੀ ਸਨ। ਕਦੇ ਕੋਈ ਮੰਗ ਨਹੀਂ ਕੀਤੀ। ਜੋ ਵੀ ਗੁਜ਼ਾਰਾ ਮਿਲਦਾ। ਖ਼ੁਸ਼ੀ ਨਾਲ ਉਸੇ ਵਿਚੱ ਗੁਜ਼ਾਰਾ ਕਰਦੀ। ਸਫ਼ਾਈ ਪਸੰਦ ਅਤੇ ਬਹੁਤ ਸਲੀਕੇ ਵਾਲੀ ਔਰਤ ਸਨ। ਅੰਤਿਮ ਉਮਰ ਵਿਚੱ ਆਪ ਦੀ ਨਜ਼ਰ ਖ਼ਤਮ ਹੋ ਗਈ ਸੀ ਅਤੇ ਮਸ਼ੀਨ ਨਾਲ ਬਹੁਤ ਮੁਸ਼ਕਿਲ ਨਾਲ ਸੁਣਦੀ ਸਨ। ਪਰ ਇਸ ਦੇ ਬਾਦ ਵੀ ਬਹੁਤ ਖ਼ੁਸ਼ੀ ਨਾਲ ਜੀਵਨ ਬਤੀਤ ਕੀਤਾ। ਜਦੱ ਹਾਲ ਪੁਛਿੱਆ ਜਾਂਦਾ ਸਦਾ ਅਲਹਮਦੋ ਲਿੱਲਾ ਕਹਿੰਦੀ। ਉਹਨਾਂ ਦੀ ਕੁੜੀ ਕਹਿੰਦੀ ਹਨ ਕਿ ਅਸੀਂ ਕੁਰਆਨ ਪੜ੍ਹਣ ਵਿਚੱ ਕੋਈ ਗ਼ਲਤੀ ਕਰਦੇ ਅਤੇ ਸਾਡੀ ਉੱਮੀ ਕਿਸੇ ਦੂਜੇ ਕਮਰੇ ਵਿਚੱ ਹੁੰਦੀ ਤਾਂ ਉੱਥੋਂ ਹੀ ਸਾਨੂੰ ਠੀਕ ਕਰਵਾ ਦਿੰਦੀ ਸਨ। ਇੰਞ ਲਗੱਦਾ ਸੀ ਜਿਵੇਂ ਉਹਨਾਂ ਨੂੰ ਕੁਰਆਨ ਯਾਦ ਹੋਵੇ।

ਲੋਕਾਂ ਦੀ ਖ਼ੁਸ਼ੀ ਵਿਚੱ ਅਤੇ ਦੁਖੱ ਦੇ ਮੌਕੇ ਉੱਤੇ ਬਿਮਾਰੀ ਦੇ ਬਾਦ ਵੀ ਸਦਾ ਸ਼ਾਮਿਲ ਹੁੰਦੀ। ਕਾਦੀਆਂ ਦੀ ਬਚਿੱਆਂ ਨੂੰ ਸਲਾਈ ਸਿਖਾਉਂਦੀ। ਆਪ ਨੇ ਕਾਦੀਆਂ ਵਿਚੱ ਸਭ ਦੇ ਨਾਲ ਮਿਲ ਜੁਲ ਕੇ ਰਹਿਣ ਦਾ ਇਕੱ ਕਲਚਰ ਪੈਦਾ ਕਰ ਦਿੱਤਾ ਸੀ।

ਵੰਡ ਦੇ ਬਾਦ ਰਤਨ ਬਾਗ਼ ਲਾਹੌਰ ਅਤੇ ਫ਼ਿਰ ਰਬਵਹ ਦੇ ਕੱਚੇ ਘਰਾਂ ਵਿਚੱ ਹਜ਼ਰਤ ਅੱਮਾ ਜਾਨ ਰਜ਼ੀ ਅੱਲਾਹ ਅੰਨਹਾ ਨੂੰ ਕੁਰਆਨ ਕਰੀਮ ਅਤੇ ਮਲਫ਼ੂਜ਼ਾਤ ਸੁਣਾਉਣ ਦੀ ਤੌਫ਼ੀਕ ਮਿਲਦੀ ਰਹੀ। ਆਪ ਨੇ ਆਪਣਾ ਹਿੱਸਾ ਜਾਇਦਾਦ ਅਤੇ ਵਸੀਅਤ ਦਾ ਚੰਦਾ ਆਪਣੇ ਜੀਵਨ ਵਿਚੱ ਅਦਾ ਕਰ ਦਿੱਤਾ ਸੀ। ਇੰਞ ਹੀ ਤਹਰੀਕ-ਏ-ਜਦੀਦ ਦੇ ਦਫ਼ਤਰ ਅਵੱਲ ਵਿਚੱ ਸ਼ਾਮਿਲ ਸਨ। ਆਪਣੇ ਬਚਿੱਆਂ ਨੂੰ ਨਮਾਜ਼ ਪਹਿਲੇ ਸਮੇਂ ਵਿਚੱ ਅਦਾ ਕਰਨ ਦੀ ਨਸੀਹਤ ਫ਼ਰਮਾਉਂਦੀ।

ਬਹੁਤ ਸਾਰੀ ਬਚਿੱਆਂ ਨੂੰ ਆਪ ਨੇ ਪਾਲਿਆ। ਉਹਨਾਂ ਦੀ ਚੰਗੀ ਤਰਬੀਅਤ ਕੀਤੀ ਅਤੇ ਫ਼ਿਰ ਉਹਨਾਂ ਦੇ ਵਿਆਹ ਕਰਵਾਏ। ਜ਼ਮਾਨਾ ਦਰਵੈਸ਼ੀ ਵਿਚੱ ਜਦੱ ਕਿ ਵਿੱਤੀ ਹਾਲਾਤ ਬਹੁਤ ਕਮਜ਼ੋਰ ਸਨ। ਕਿਸੇ ਦਰਵੈਸ਼ ਦੀ ਬੇਟੀ ਦੀ ਸ਼ਾਦੀ ਹੁੰਦੀ ਤਾਂ ਆਪ ਆਪਣਾ ਗਹਿਣਾ ਉਸ ਨੂੰ ਪਾਉਣ ਲਈ ਦੇ ਦਿੰਦੀ ਕਿ ਜਦੱ ਤਕੱ ਦਿਲ ਕਰੇ ਇਸ ਨੂੰ ਪਾਓ, ਫ਼ਿਰ ਕਿਸੇ ਦੂਜੀ ਬੱਚੀ ਦਾ ਵਿਆਹ ਹੁੰਦਾ ਤਾਂ ਗਹਿਣਾ ਉਸ ਨੂੰ ਦੇ ਦਿੱਤਾ ਜਾਂਦਾ। ਲੋਕ ਆਪਣੀ ਅਮਾਨਤਾਂ ਆਪ ਦੇ ਕੋਲ ਰਖੱਦੇ ਅਤੇ ਆਪ ਬਹੁਤ ਈਮਾਨਦਾਰੀ ਨਾਲ ਸਾਰੀਆਂ ਅਮਾਨਤਾਂ ਦਾ ਖ਼ਿਆਲ ਰਖੱਦੀ। ਬਹੁਤ ਸਾਰੀ

ਬਚਿੱਆਂ ਨੂੰ ਜੀਵਨ ਜਾਂਚ ਸਿਖੱਲਾਈ, ਉਹਨਾਂ ਦੇ ਦਾਜ ਤਿਆਰ ਕੀਤੇ, ਦਰਵੈਸ਼ਾਂ ਦੀਆਂ ਵਿਧਵਾਵਾਂ ਨੂੰ ਈਦੀ ਦੇਣ ਆਪ ਜਾਂਦੀ ।

ਆਪ ਦੇ ਬੇਟੇ ਕਹਿੰਦੇ ਹਨ ਕਿ ਆਮ ਤੌਰ ਉੱਤੇ ਮਹਿਮਾਨ ਦਾਰੁਲ ਮਸੀਹ ਵਿਚੱ ਰੁਕੱਦੇ ਸਨ ਅਤੇ ਸਾਡੀ ਉੱਮੀ 11-12 ਸਾਲ ਦੇ ਬਚਿੱਆਂ ਨੂੰ ਆਪ ਟਰੈਨਿੰਗ ਦਿੰਦੀ ਕਿ ਕਿਵੇਂ ਕਮਰਿਆਂ ਵਿਚੱ ਮਹਿਮਾਨਾਂ ਦੀ ਜ਼ਰੂਰਤਾਂ ਦਾ ਖ਼ਿਆਲ ਰਖੱਣਾ ਹੈ । ਸਰਕਾਰੀ ਓਹਦੇਦਾਰਾਂ ਦੀ ਪਤਨੀਆਂ ਨੂੰ ਵੀ ਜਮਾਅਤ ਬਾਰੇ ਦੱਸਾ ਕਰਦੀ । ਗ਼ਰੀਬਾਂ ਦਾ ਬਹੁਤ ਖ਼ਿਆਲ ਰਖੱਦੀ ।

ਸਾਹਿਬਜ਼ਾਦਾ ਮਿਰਜ਼ਾ ਵਸੀਮ ਅਹਮਦ ਸਾਹਿਬ ਦੇ ਆਕਾਲ ਚਲਾਣੇ ਮਗਰੋਂ ਦਸੱ ਸਾਲ ਕਾਦੀਆਂ ਵਿਚੱ ਰਹੀ । ਫ਼ਿਰ ਜਦੱ ਬਿਮਾਰ ਰਹਿਣ ਲੱਗੀ ਤਾਂ ਉਹਨਾਂ ਦੀਆਂ ਕੁੜੀਆਂ ਉਹਨਾਂ ਨੂੰ ਰਬਵਹ ਲੈ ਗਈ । ਇਸ ਦੇ ਬਾਦ ਵੀ ਇਹ ਹੀ ਕਹਿੰਦੀ ਸਨ ਕਿ ਮੈਂ ਖ਼ਲੀਫ਼ਾ ਦੀ ਆਗਿਆ ਤੋਂ ਬਿਨਾਂ ਬਹੁਤਾ ਚਿਰ ਬਾਹਰ ਨਹੀਂ ਰਹਿਣਾ । ਮੈਨੂੰ ਉਹਨਾਂ ਨੇ ਲਿਖਿੱਆ ਸੀ ਤਾਂ ਮੈਂ ਉਹਨਾਂ ਨੂੰ ਇਹੀ ਕਿਹਾ ਸੀ ਕਿ ਆਪ ਜਦੋਂ ਤਕੱ ਰਹਿਣਾ ਚਾਹੁਣ ਰਹਿ ਸਕਦੀ ਹਨ ।

ਬਹੁਤ ਸਾਰੇ ਗ਼ੈਰ ਮੁਸਲਿਮ ਵੀ ਆਪ ਦੇ ਜਨਾਜ਼ਾ ਵਿਚੱ ਸ਼ਾਮਿਲ ਹੋਏ । ਕਾਦੀਆਂ ਦੇ ਲੋਕ ਆਪ ਤੋਂ ਅਤੇ ਆਪ ਕਾਦੀਆਂ ਦੇ ਲੋਕਾਂ ਤੋਂ ਬਹੁਤ ਪ੍ਰੇਮ ਕਰਦੀ ਸਨ । ਕਾਦੀਆਂ ਦੀ ਔਰਤਾਂ ਦੇ ਬਹੁਤ ਪਤੱਰ ਆਏ ਹਨ । ਜਿਨਾਂ ਨੇ ਬਹੁਤ ਪ੍ਰੇਮ ਨਾਲ ਆਪ ਦਾ ਜ਼ਿਕਰ ਕੀਤਾ ਹੈ । ਇੰਞ ਹੀ ਕਾਦੀਆਂ ਦੇ ਪੁਰਾਣੇ ਰਹਿਣ ਵਾਲਿਆਂ ਦੀਆਂ ਔਲਾਦਾਂ ਨੇ ਵੀ ਲਿਖਿੱਆ ਹੈ ਕਿ ਉਹਨਾਂ ਨੇ ਸਾਨੂੰ ਇਕੱ ਮਾਂ ਵਾਂਗ ਪਾਲਿਆ ।

ਖ਼ਿਲਾਫ਼ਤ ਨਾਲ ਆਪ ਦਾ ਬਹੁਤ ਸ਼ਰਧਾ ਦਾ ਸੰਬੰਧ ਸੀ । ਨਿਮਰਤਾ ਅਤੇ ਸੰਪੂਰਨ ਵਫ਼ਾ ਦਾ ਜਿਵੇਂ ਉਹਨਾਂ ਨੇ ਹਜ਼ਰਤ ਖ਼ਲੀਫ਼ਾਤੁਲੱ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੋ ਨਾਲ ਪ੍ਰਕਟਾਵਾ ਕੀਤਾ । ਉਹ ਸੰਬੰਧ ਜਾਰੀ ਰਿਹਾ ਅਤੇ ਮੇਰੇ ਨਾਲ ਵੀ ਉਹੀ ਸੰਬੰਧ ਕਾਯਮ ਰਿਹਾ । ਇਹ ਇਕੱ ਮਿਸਾਲ ਹੈ । ਇੱਥੇ ਵੀ ਮੈਨੂੰ ਮਿਲੀ ਤਾਂ ਬਹੁਤ ਅਦਬ ਅਤੇ ਸਤਿਕਾਰ ਨਾਲ । 2005 ਵਿਚੱ ਕਾਦੀਆਂ ਗਿਆ ਤਾਂ ਚਿੰਤਾ ਨਾਲ ਸੇਵਾ ਕੀਤੀ । ਫ਼ਿਰ ਹਰ ਮੁਲਾਕਾਤ ਉੱਤੇ ਖ਼ੁਸ਼ ਹੁੰਦੀ ਜੋ ਸ਼ਕਲ ਤੋਂ ਪ੍ਰਕਟ ਹੁੰਦੀ ਸੀ । 2005 ਵਿਚੱ ਬਿਮਾਰ ਹੋਣ ਦੇ ਬਾਦ ਵੀ ਕਾਦੀਆਂ ਤੋਂ ਵਾਪਸੀ ਦੇ ਸਫ਼ਰ ਵਿਚੱ ਦਿੱਲੀ ਤਕੱ ਆਈਂ । ਰਬੱ ਸਵਰਗ ਵਿਚੱ ਉਹਨਾਂ ਦੇ ਦਰਜਾਤ ਉੱਚੇ ਕਰੇ ਅਤੇ ਉਹਨਾਂ ਦੇ ਬਚਿੱਆਂ ਨੂੰ ਉਹਨਾਂ ਦੀਆਂ ਨੇਕੀਆਂ ਜਾਰੀ ਰਖੱਣ ਦੀ ਤੌਫ਼ੀਕ ਬਖ਼ਸ਼ੇ । ਆਮੀਨ

ਕਾਦੀਆਂ ਦੇ ਲੋਕਾਂ ਨੂੰ ਉਹਨਾਂ ਨੇ ਜਿਸ ਪ੍ਰੇਮ ਨਾਲ ਰਖਿੱਆ । ਰਬੱ ਉਹਨਾਂ ਨੂੰ ਤੌਫ਼ੀਕ ਬਖ਼ਸ਼ੇ ਕਿ ਉਹ ਆਪਸ ਵਿਚੱ ਵੀ ਉਸੇ ਪ੍ਰੇਮ ਨਾਲ ਰਹਿਣ । ਹੁਣ ਕਾਦੀਆਂ ਵਿਚੱ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪਰਿਵਾਰ ਦਾ ਸਿੱਧਾ ਰਿਸ਼ਤਾ ਅਤੇ ਸੰਬੰਧ ਰਖੱਣ ਵਾਲਾ ਤਾਂ ਕੋਈ ਮੌਜੂਦ ਨਹੀਂ ਹੈ । ਰਬੱ ਕਰੇ ਕਿ ਅਜਿਹੇ ਹਾਲਾਤ ਹੋ ਜਾਣ ਕਿ ਕੋਈ ਉੱਥੇ ਜਾ ਸਕੇ । ਰਬੱ ਸਵਰਗ ਵਿਚੱ ਮਰਹੂਮਾ ਦੇ ਦਰਜਾਤ ਉੱਚੇ ਕਰੇ । ਆਮੀਨ

ਹਜ਼ੂਰੇ ਅਨਵਰ ਨੇ ਸ਼੍ਰੀਮਾਨ ਮੁਹਮੱਦ ਅਰਸ਼ਦ ਅਹਮਦੀ ਸਾਹਿਬ ਆਫ ਯੂ.ਕੇ ਦਾ ਜਨਾਜ਼ਾ ਹਾਜ਼ਰ ਅਤੇ ਸ਼੍ਰੀਮਾਨ ਅਹਮਦ ਜਮਾਲ ਸਾਹਿਬ ਅਫ਼ਰੀਕਨ ਅਮਰੀਕਨ ਦਾ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ ਅਤੇ ਮਰਹੂਮੀਨ ਦੇ ਗੁਣ ਵੀ ਬਿਆਨ ਫ਼ਰਮਾਏ ਅਤੇ ਸਵਰਗ ਵਿਚੱ ਦਰਜਾਤ ਉੱਚੇ ਹੋਣ ਲਈ ਦੂਆ ਕੀਤੀ ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ
رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔